بِسۡمِ اللّٰهِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.01.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਇਸਲਾਮ ਦੀ ਸਿੱਖਿਆ ਹੀ ਹੈ ਜਿਸ ਨੇ ਦੁਨੀਆ ਨੂੰ ਸ਼ਾਂਤੀ ਭਰਪੂਰ ਤੇ ਰੱਬ ਵੱਲ ਲਿਆਉਣ ਵਾਲਾ ਬਨਾਉਂਣਾ ਹੈ । ਦੁਨੀਆ ਨੂੰ ਇਕ ਸਮੇਂ ਅਹਿਸਾਸ ਹੋ ਜਾਵੇਗਾ ਕਿ ਇਸ ਤੋਂ ਬਿਨਾ ਹੋਰ ਕੋਈ ਮਾਰਗ ਨਹੀਂ ਕਿ ਇਸਲਾਮ ਦੀ ਸਿੱਖਿਆ ਉਪੱਰ ਹੀ ਵਿਚਾਰ ਕਰਨ ਤੇ ਅਮਲ ਕਰਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਜਨਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕਈ ਲੋਕ ਸਮਝਦੇ ਹਨ ਕਿ ਦੀਨ ਤੇ ਧਰਮ ਉਹਨਾਂ ਦੀ ਅਜ਼ਾਦੀ ਨੂੰ ਖੋਹ ਲੈਂਦਾ ਹੈ ਅਤੇ ਉਹਨਾ'ਤੇ ਪਾਬੰਦੀਆਂ ਲਾਉਂਦਾ ਹੈ, ਪਰ ਕੁਰਆਨ ਕਰੀਮ ਵਿੱਚ ਰੱਬ ਫ਼ਰਮਾਉਂਦਾ ਹੈ ਕਿ 'ਵਮਾ ਜਾਆਲਾ ਅਲੈਕੁਮ ਫ਼ਿੱਦੀਨਿ ਮਿਨ ਹਾਰਾਜਿਨ' (وَمَا جَعَلَ عَلَيۡكُمۡ فِى الدِّيۡنِ مِنۡ حَرَجٍ) ਅਰਥਾਤ ਧਰਮ ਦੀ ਸਿੱਖਿਆ ਵਿੱਚ ਤੁਹਾਡੇ'ਤੇ ਕੋਈ ਵੀ ਤੰਗੀ ਦਾ ਪੱਖ ਨਹੀ ਪਾਇਆ ਗਿਆ ਸਗੋਂ ਸ਼ਸ਼ਰੀਅਤ ਦਾ ਉਦੇਸ਼ ਤਾਂ ਮਨੁੱਖ ਦੇ ਭਾਰ ਨੂੰ ਘੱਟ ਕਰਨਾ ਹੈ ਅਤੇ ਕੇਵਲ ਇਹੋ ਨਹੀਂ ਸਗੋਂ ਉਸ ਨੂੰ ਹਰ ਪ੍ਰਕਾਰ ਦੀਆਂ ਔਕੜਾਂ ਤੇ ਖ਼ਤਰਿਆਂ ਤੋਂ ਬਚਾਉਂਣਾ ਹੈ । ਸੋ, ਰੱਬ ਦੇ ਇਸ ਫ਼ਰਮਾਨ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਇਹ ਦੀਨ (ਧਰਮ) ਅਰਥਾਤ ਦੀਨਿ ਇਸਲਾਮ ਜੋ ਤੁਹਾਡੇ ਉਪੱਰ ਉਤਾਰਿਆ ਗਿਆ ਹੈ ਇਸ ਵਿੱਚ ਕੋਈ ਵੀ ਆਦੇਸ਼ ਅਜਿਹਾ ਨਹੀਂ ਹੈ ਜੋ ਤੁਹਾਨੂੰ ਔਕੁੜਾਂ ਵਿੱਚ ਪਾਵੇ ਸਗੋਂ ਛੋਟੇ ਤੋਂ ਛੋਟੇ ਆਦੇਸ਼ ਤੋਂ ਲੈਕੇ ਵੱਡੇ ਤੋਂ ਵੱਡੇ ਆਦੇਸ਼ ਤੱਕ ਹਰ ਆਦੇਸ਼ ਰਹਮਤ ਅਤੇ ਬਰਕਤ ਦਾ ਸਬਬ ਹੈ । ਸੋ, ਮਨੁੱਖ ਦੀ ਸੋਚ ਗ਼ਲਤ ਹੈ, ਰੱਬ ਦਾ ਕਲਾਮ ਗ਼ਲਤ ਨਹੀਂ ਹੋ ਸਕਦਾ । ਜੇਕਰ ਰੱਬ ਦੀ ਮਖ਼ਲੂਕ ਹੋਕੇ ਅਸੀਂ ਉਸਦੇ ਆਦੇਸ਼ਾਂ ਉਪੱਰ ਨਹੀਂ ਚਲੱਾਂਗੇ ਤਾਂ ਆਪਣੀ ਹਾਨੀ ਕਰਾਂਗੇ । ਜੇਕਰ ਮਨੁੱਖ ਅਕਲ ਨਹੀਂ ਕਰੇਗਾ ਤਾਂ ਸ਼ੈਤਾਨ ਜਿਸ ਨੇ ਪਹਿਲੇ ਦਿਨ ਤੋਂ ਹੀ ਪ੍ਰਣ ਕੀਤਾ ਹੋਇਆ ਹੈ ਕਿ ਮੈਂ ਮੁਨੱਖਾਂ ਨੂੰ ਗੁਮਰਾਹ ਕਰਕੇ ਹਾਨੀ ਪਹੁੰਚਾਵਾਂਗਾ, ਉਹ ਮਨੁੱਖ ਨੂੰ ਕੁਤਾਹੀ ਦੇ ਖੱਡ ਵਿੱਚ ਸੁੱਟੇਗਾ । ਸੋ, ਜੇਕਰ ਇਸ ਹਮਲੇ ਤੋਂ ਬਚਣਾ ਹੈ ਤਾਂ ਰੱਬ ਦੇ ਆਦੇਸ਼ਾਂ ਨੂੰ ਮਨਣਾ ਜ਼ਰੂਰੀ ਹੈ । ਕੁਝ ਗਲੱਾਂ ਵੇਖਣ ਨੂੰ ਛੋਟੀਆਂ ਲਗੱਦੀਆਂ ਹਨ ਪਰ ਸਮੇਂ ਦੇ ਨਾਲ ਨਾਲ ਉਹਨਾਂ ਨੂੰ ਮਮੂਲੀ ਸਮਝਣ ਕਰਕੇ ਉਹਨਾਂ ਦੇ ਸਿੱਟੇ ਅਤਿਅੰਤ ਭਿਆਨਕ ਰੂਪ ਧਾਰ ਲੈਂਦੇ ਹਨ । ਸੋ, ਇਕ ਮੋਮਨ ਨੂੰ

ਕਦੇ ਵੀ ਕਿਸੇ ਵੀ ਆਦੇਸ਼ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ । ਅੱਜ ਕੱਲ ਅਸੀਂ ਦੇਖਦੇ ਹਾਂ ਕਿ ਦੁਨੀਆ ਦੀ ਬਹੁਤੀ ਗਿਣਤੀ ਧਰਮ ਤੋਂ ਦੂਰ ਹੱਟ ਗਈ ਹੈ ਇਸ ਲਈ ਉਹਨਾਂ ਦੇ ਬੁਰਾਈ ਤੇ ਚੰਗਿਆਈ ਦੇ ਮਿਆਰ ਵੀ ਬਦਲਦੇ ਜਾ ਰਹੇ ਹਨ । ਉਧਾਰਣ ਲਈ ਇਸ ਜੁੱਗ ਵਿੱਚ ਅਸੀਂ ਦੇਖਦੇ ਹਾਂ ਕਿ ਆਜ਼ਾਦੀ ਅਤੇ ਫ਼ੈਸ਼ਨ ਦੇ ਨਾਂ'ਤੇ ਇਸਤਰੀਆਂ ਤੇ ਪੁਰੁਸ਼ਾਂ ਵਿੱਚ ਨੰਗ ਆਮ ਹੋ ਰਿਹਾ ਹੈ । ਪ੍ਰਗਤੀਸ਼ੀਲ ਹੋਣ ਦੀ ਨਿਸ਼ਾਨੀ ਇਹ ਹੈ ਕਿ ਖੁੱਲੇ ਆਮ ਬੇਹਿਯਾਈ ਕੀਤੀ ਜਾਵੇ । ਸ਼ਰਮ ਨਾਂ ਦੀ ਕੋਈ ਚੀਜ਼ ਨਹੀਂ ਰਹੀ ਅਤੇ ਸਪਸ਼ਟ ਹੈ ਇਸ ਦਾ ਪ੍ਰਭਾਵ ਸਾਡੇ ਬੱਚਿਆ ਤੇ ਬੱਚੀਆਂ ਉਪੱਰ ਵੀ ਹੋਵੇਗਾ, ਜੋ ਏਥੇ ਰਹਿੰਦੇ ਹਨ ਅਤੇ ਕੁਝ ਹੱਦ ਤੱਕ ਹੋ ਵੀ ਰਿਹਾ ਹੈ । ਕਈ ਬੱਚੀਆਂ ਜੱਦ ਜਵਾਨੀ ਵਿੱਚ ਪੈਰ੍ਹ ਧਰਨ ਲਗੱਦੀਆਂ ਹਨ ਤਾਂ ਮੈਂਨੂੰ ਲਿਖੱਦੀਆਂ ਹਨ ਕਿ ਇਸਲਾਮ ਵਿੱਚ ਪਰਦਾ ਕਿਉ ਜ਼ਰੂਰੀ ਹੈ ? ਕਿਉਂ ਅਸੀਂ ਤੰਗ ਜੀਨ ਤੇ ਬਲਾਊਜ਼ ਪਾਕੇ ਬਿਨਾ ਬੁਰਕੇ ਦੇ ਜਾਂ ਕੋਟ ਪਾਕੇ ਘਰੋਂ ਬਾਹਰ ਨਹੀਂ ਜਾ ਸਕਦੀਆਂ, ਕਿਉਂ ਅਸੀਂ ਏਥੇ ਯੌਰੁਪ ਦੀਆਂ ਆਜ਼ਾਦ ਕੁੜੀਆਂ ਜਿਹੇ ਵਸਤਰ ਪਹਿਨ ਨਹੀਂ ਸਕਦੀਆਂ । ਪਹਿਲੀ ਗੱਲ ਤਾਂ ਸਾਨੂੰ ਇਹ ਚੇਤੇ ਰਖੱਣੀ ਚਾਹੀਦੀ ਹੈ ਕਿ ਜੇਕਰ ਅਸੀਂ ਦੀਨ ਉਪੱਰ ਕਾਇਮ ਰਹਿਣਾ ਹੈ ਤਾਂ ਫਿਰ ਸਾਨੂੰ ਧਾਰਮਕ ਸਿੱਖਿਆ ਉਪੱਰ ਅਮਲ ਕਰਨਾ ਹੋਵੇਗਾ । ਜੇਕਰ ਅਸੀਂ ਇਹ ਐਲਾਨ ਕਰਨਾ ਹੈ ਕਿ ਅਸੀਂ ਮੁਸਲਮਾਨ ਹਨ ਅਤੇ ਧਰਮ ਉਪੱਰ ਕਾਇਮ ਹਨ ਤਾਂ ਫਿਰ ਪਾਬੰਦੀ ਵੀ ਜ਼ਰੂਰੀ ਹੈ । ਅਲੱਾਹ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼ਾਂ ਉਪੱਰ ਅਮਲ ਕਰਨਾ ਵੀ ਜ਼ਰੂਰੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹਿਯਾ (ਸ਼ਰਮ) ਇਮਾਨ ਦਾ ਹਿਸੱਾ ਹੈ । ਸੋ, ਹਿਯਾਦਾਰ ਵਸਤਰ ਅਤੇ ਪਰਦਾ ਸਾਡੇ ਇਮਾਨ ਨੂੰ ਬਚਾਉਣ ਲਈ ਜ਼ਰੂਰੀ ਹੈ । ਜੇਕਰ ਪ੍ਰਗਤੀਸ਼ੀਲ ਦੇਸ਼ ਆਜ਼ਾਦੀ ਤੇ ਤਰੱਕੀ ਦੇ ਨਾਂ'ਤੇ ਆਪਣੀ ਹਿਯਾ (ਸ਼ਰਮ) ਨੂੰ ਖ਼ਤਮ ਕਰ ਰਹੇ ਹਨ ਤਾਂ ਇਸ ਦਾ ਸਬਬ ਇਹ ਹੈ ਕਿ ਇਹ ਦੀਨ (ਧਰਮ) ਤੋਂ ਵੀ ਦੂਰ ਹੱਟ ਚੁਕੇ ਹਨ । ਸੋ, ਇਕ ਅਹਮਦੀ ਬੱਚੀ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਉਸ ਨੇ ਇਹ ਅਹਿਦ ਕੀਤਾ ਹੈ ਕਿ ਮੈਂ ਦੀਨ ਨੂੰ ਦੁਨੀਆ ਉਪੱਰ ਪਹਿਲ ਦਿਆਂਗੀ । ਇਕ ਅਹਮਦੀ ਬੱਚੇ ਨੇ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ, ਇਕ ਅਹਦੀ ਵਿਅਕਤੀ ਪੁਰੁਸ਼ ਨੇ, ਇਸਤਰੀ ਨੇ ਮੰਨਿਆ ਹੈ ਉਸ ਨੇ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਪ੍ਰਣ ਕੀਤਾ ਹੈ ਅਤੇ ਇਹ ਪਹਿਲ ਦੇਣਾ ਉਸੇ ਸਮੇਂ ਹੋਵੇਗਾ ਜੱਦ ਧਰਮ ਦੀ ਸਿੱਖਿਆ ਅਨੁਸਾਰ ਅਮਲ ਕਰਨ । ਇਹ ਵੀ ਸਾਡੀ ਖ਼ੁਸ਼ ਕਿਸਮਤੀ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਹਰ ਗੱਲ ਖੋਲਕੇ ਦੱਸ ਦਿੱਤੀ ਹੈ । ਇਉਂ ਇਸ ਬੇ ਪਰਦਗੀ ਅਤੇ ਬੇ ਹਿਯਾਈ ਬਾਰੇ ਆਪ ਇਕ ਥਾਂ ਲਿਖੱਦੇ ਹਨ ਕਿ ਯੌਰੁਪ ਵਾਂਗ ਬੇਪਰਦਗੀ ਉਪੱਰ ਵੀ ਲੋਕ ਜ਼ੋਰ ਦੇ ਰਹੇ ਹਨ ਪਰ ਇਹ ਉਕੱਾ ਹੀ ਉਚਿਤ ਨਹੀਂ । ਇਹੋ ਇਸਤਰੀਆਂ ਦੀ ਅਜ਼ਾਦੀ ਦੀ ਬੁਰਾਈਆਂ ਦੀ ਜੜ੍ਹ ਹੈ । ਜਿੰਨ੍ਹਾ ਦੇਸ਼ਾਂ ਨੇ ਇਸ ਪ੍ਰਕਾਰ ਦੀ ਅਜ਼ਾਦੀ ਨੂੰ ਜਾਰੀ ਰੱਖਿਆ ਹੈ, ਰਤਾ ਉਹਨਾਂ ਦੀ ਆਚਰਣਕ ਅਵਸਥਾ ਦਾ ਅੰਦਾਜ਼ਾ ਕਰੋ । ਜੇਕਰ ਇਸ ਆਜ਼ਾਦੀ ਤੇ ਬੇਪਰਦਗੀ ਨਾਲ ਉਹਨਾਂ ਦੀ ਇਜ਼ੱਤ, ਪਾਕਦਾਮਨੀ ਤੇ ਪਵਿੱਤਰਤਾ ਵੱਧ ਗਈ ਹੈ ਤਾਂ ਅਸੀਂ ਮੰਨ ਲਿਆਂ ਗੇ ਕਿ ਅਸੀਂ ਗ਼ਲਤੀ'ਤੇ ਹਨ, ਪਰ ਇਹ ਗੱਲ ਬਹੁਤ ਹੀ ਸਪਸ਼ਟ ਹੈ ਕਿ ਕਿ ਜੱਦ ਮਰਦ ਤੇ ਇਸਤਰੀ ਜਵਾਨ ਹੋਣ ਅਤੇ ਆਜ਼ਾਦੀ ਤੇ ਬੇਪਰਦਗੀ ਵੀ ਹੋਵੇ ਤਾਂ ਉਹਨਾਂ ਦੇ ਸੰਬੰਧ ਕਿੰਨ੍ਹੇ ਖ਼ਤਰਨਾਕ ਹੋਣਗੇ । ਬਦ ਨਜ਼ਰ ਪਾਉਂਣੀ ਅਤੇ ਵਾਸਨਾਤਮਕ ਭਾਵਨਵਾਂ ਤੋਂ ਪਰਾਜਿਤ ਹੋ ਜਾਣਾ ਮਨੁੱਖ ਦਾ ਖ਼ਾਸਾ (ਵਿਸ਼ੇਸ਼ਤਾ) ਹੈ । ਫਿਰ ਜਿਸ ਅਵਸਥਾ ਵਿੱਚ ਪਰਦੇ ਵਿੱਚ ਹੁੰਦਿਆਂ ਹੋਇਆਂ ਬਦ ਪਰਹੇਜ਼ੀਆਂ ਹੁੰਦੀਆਂ ਹਨ ਅਤੇ ਬੁਰਾਈਆਂ ਦੇ ਪਾਤਰ ਹੋ ਜਾਂਦੇ ਹਨ ਤਾਂ ਆਜ਼ਾਦੀ ਵਿੱਚ ਕੀ ਕੁਝ ਨਹੀਂ ਹੋਵੇਗਾ । ਪਰੁਸ਼ਾਂ ਦੀ ਹਾਲਤ ਦਾ ਰਤਾ ਅੰਦਾਜ਼ਾ ਕਰੋ ਕਿ ਉਹ ਕਿਵੇਂ ਬੇਲਗਾਮ ਘੋੜਿਆਂ ਵਾਂਗ ਹੋ ਗਏ ਹਨ, ਨ ਰੱਬ ਦਾ ਖ਼ੌਫ਼ ਰਿਹਾ ਨੇ ਆਖ਼ਰਤ ਦਾ ਵਿਸ਼ਵਾਸ ਹੈ ਸੰਸਾਰਕ ਆਨੰਦ ਨੂੰ ਆਪਣਾ ਪੂਜਕ ਬਣਾਇਆ ਹੋਇਆ ਹੈ । ਸੋ, ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਸ ਆਜ਼ਾਦੀ ਤੇ ਬੇਪਰਦਗੀ ਤੋਂ ਪਹਿਲਾਂ ਪੁਰੁਸ਼ਾਂ ਦੀ ਆਚਰਣਕ ਅਵਸਥਾ ਠੀਕ ਕਰੋ ਜੇਕਰ ਇਹ ਠੀਕ ਹੋ ਜਾਵੇ ਅਤੇ ਪੁਰੁਸ਼ਾਂ ਵਿੱਚ ਘੱਟੋ

ਘੱਟ ਐਨ੍ਹੀ ਸ਼ਕਤੀ ਹੋਵੇ ਕਿ ਉਹ ਆਪਣੀਆਂ ਵਾਸਨਾਤਮਕ ਭਾਵਨਾਵਾਂ ਤੋਂ ਪਰਾਜਿਤ ਨ ਹੋ ਸਕਣ ਤਾਂ ਉਸ ਸਮੇਂ ਇਸ ਬਹਿਸ ਨੂੰ ਛੇੜਨ ਕਿ ਆਇਆ ਪਰਦਾ ਜ਼ਰੂਰੀ ਹੈ ਜਾਂ ਨਹੀਂ, ਵਰਨਾ ਵਰਤਮਾਨ ਅਵਸਥਾ ਵਿੱਚ ਇਸ ਗੱਲ'ਤੇ ਜ਼ੋਰ ਦੇਣਾ ਕਿ ਆਜ਼ਾਦੀ ਅਤੇ ਬੇ ਪਰਦਗੀ ਹੋਵੇ, ਸੰਭਵਤਾ ਬਕਰੀਆਂ ਨੂੰ ਸ਼ੇਰਾਂ ਅੱਗੇ ਰੱਖ ਦੇਣਾ ਹੈ । ਇਹਨਾਂ ਲੋਕਾਂ ਨੂੰ ਕੀ ਹੋ ਗਿਆ ਹੈ ਕਿ ਕਿਸੇ ਗੱਲ ਦੇ ਸਿੱਟੇ ਉਪੱਰ ਗ਼ੌਰ ਨਹੀਂ ਕਰਦੇ । ਘੱਟੋ ਘੱਟ ਆਪਣੇ ਕਾਂਸ਼ੰਸ ਤੋਂ ਹੀ ਕੰਮ ਲੈਂਣ ਕਿ ਆਇਆ ਪੁਰੁਸ਼ਾਂ ਦੀ ਹਾਲਤ ਅਜਿਹੀ ਸੁਧਰੀ ਹੋਈ ਹੈ ਕਿ ਇਸਤਰੀਆਂ ਨੂੰ ਬੇ ਪਰਦਾ ਉਹਨਾਂ ਦੇ ਸਾਹਮਣੇ ਰੱਖਿਆ ਜਾਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਕਲ ਸਮਾਜ ਵਿੱਚ ਜੋ ਬੁਰਾਈਆਂ ਸਾਨੂੰ ਦਿਖਾਈ ਦੇ ਰਹੀਆਂ ਹਨ ਇਹ ਹਜ਼ਰਤ ਮਸੀਹ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਇਕ ਸ਼ਬਦ ਦੀਆਂ ਪੁਸ਼ਟੀ ਕਰਦੀਆਂ ਹਨ । ਸੋ, ਹਰ ਇਕ ਅਹਮਦੀ ਲੜਕੀ, ਲੜਕੇ ਤੇ ਪੁਰੁਸ਼ ਇਸਤਰੀ ਨੂੰ ਆਪਣੀ ਹਿਯਾ ਦੇ ਮਿਆਰ ਨੂੰ ਉਚੱਾ ਕਰਦਿਆਂ ਹੋਇਆਂ ਸਮਾਜ ਦੇ ਗੰਦ ਤੋਂ ਬਚਣ ਦਾ ਜਤਨ ਕਰਨਾ ਚਾਹੀਦਾ ਹੈ । ਇਹ ਮਾਂਪਿਆਂ ਅਤੇ ਵਿਸ਼ੇਸ਼ ਤੌਰ'ਤੇ ਮਾਵਾਂ ਦਾ ਕੰਮ ਹੈ ਕਿ ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਇਸਲਾਮੀ ਸਿੱਖਿਆ ਅਤੇ ਸਮਾਜ ਦੀਆਂ ਬੁਰਾਈਆਂ ਬਾਰੇ ਦਸੱਣ । ਫਿਰ ਹੀ ਸਾਡੀਆਂ ਨਸਲਾਂ ਦੀਨ (ਧਰਮ) ਉਪੱਰ ਕਾਇਮ ਰਿਹ ਸਕਣਗੀਆਂ ਅਤੇ ਅਖੌਤੀ ਪ੍ਰਗਤੀਸ਼ੀਲ ਸਮਾਜ ਦੇ ਜ਼ਹਿਰ ਤੋਂ ਸੁਰੱਖਿਅਤ ਰਹਿ ਸਕਣਗੀਆਂ । ਇਕ ਬੱਚੀ ਨੇ ਪਿਛੱਲੇ ਦਿਨੀ ਮੈਂਨੂੰ ਇਕ ਪਤੱਰ ਲਿੱਖਿਆ ਕਿ ਮੈਂ ਬਹੁਤ ਪੜ੍ਹ ਲਿਖ ਗਈ ਹਾਂ ਅਤੇ ਮੈਂਨੂੰ ਬੈਂਕ ਵਿੱਚ ਚੰਗਾ ਕੰਮ ਮਿਲਣ ਦੀ ਆਸ਼ਾ ਹੈ । ਮੈਂ ਪੁਛੱਣਾ ਚਾਹੁੰਦੀ ਹਾਂ ਕਿ ਕੀ ਜੇਕਰ ਓਥੇ ਹਿਜਾਬ ਲੈਂਣ ਅਤੇ ਪਰਦਾ ਕਰਨ ਦੀ ਪਾਬੰਦੀ ਹੋਵੇ ਕੋਟ ਵੀ ਨ ਪਹਿਨ ਸਕਦੀ ਹੋਵਾਂ ਤਾਂ ਕੀ ਮੈਂ ਇਹ ਕੰਮ ਕਰ ਸਕਦੀ ਹਾਂ ? ਕੰਮ ਤੋਂ ਬਾਹਰ ਨਿਕਲਾਂਗੀ ਤਾਂ ਹਿਜਾਬ ਲੈ ਲਵਾਂਗੀ । ਕਹਿੰਦੀ ਹਨ ਕਿ ਮੈਂ ਸੁਣਿਆ ਹੈ ਸੀ ਕਿ ਆਪ ਨੇ ਕਿਹਾ ਸੀ ਕਿ ਕੰਮ ਵਾਲੀਆਂ ਲੜਕੀਆਂ ਆਪਣੇ ਕੰਮ ਵਾਲੀ ਥਾਂ'ਤੇ ਆਪਣਾ ਬੁਰਕਾ ਹਿਜਾਬ ਲਾਹ ਕੇ ਕੰਮ ਕਰ ਸਕਦੀਆਂ ਹਨ । ਇਸ ਬੱਚੀ ਵਿੱਚ ਘੱਟੋ ਘੱਟ ਐਨ੍ਹਾ ਬਲ ਹੈ ਕਿ ਉਸ ਨੇ ਨਾਲ ਹੀ ਇਹ ਵੀ ਲਿੱਖ ਦਿੱਤਾ ਕਿ ਜੇਕਰ ਆਪ ਮਨਾ ਕਰਨਗੇ ਤਾਂ ਕੰਮ ਨਹੀਂ ਕਰਾਂਗੀ ।

ਹਜ਼ੂਰ ਨੇ ਫ਼ਰਮਾਇਆ : ਇਹ ਇਕ ਨਹੀਂ ਕਈ ਲੜਕੀਆਂ ਦਾ ਪ੍ਰਸ਼ਨ ਹੈ । ਆਪ ਨੇ ਫ਼ਰਮਾਇਆ : ਡਾਕਟਰਜ਼ ਨੂੰ ਕਈ ਹਾਲਾਤਾਂ ਵਿੱਚ ਮਜਬੂਰੀ ਹੁੰਦੀ ਹੈ ਓਥੇ ਰਿਵਾਇਤੀ ਬੁਰਕਾ ਜਾਂ ਹਿਜਾਬ ਪਹਿਨ ਕੇ ਕੰਮ ਨਹੀਂ ਹੋ ਸਕਦਾ । ਉਧਾਰਣ ਲਈ ਆਪ੍ਰੇਸ਼ਨ ਕਰਦੇ ਸਮੇਂ, ਪਰ ਓਥੇ ਉਹਨਾਂ ਦਾ ਵਸਤਰ ਅਜਿਹਾ ਹੁੰਦਾ ਹੈ ਕਿ ਸਿਰ ਉਪੱਰ ਵੀ ਟੋਪੀ ਹੁੰਦੀ ਹੈ ਮਾਸਕ ਵੀ ਹੁੰਦਾ ਹੈ ਢਿਲੱਾ ਤੇ ਖੁਲੱਾ ਵਸਤਰ ਹੁੰਦਾ ਹੈ । ਇਸ ਤੋਂ ਬਿਨਾਂ ਤਾਂ ਡਾਕਟਰ ਵੀ ਪਰਦੇ ਵਿੱਚ ਕੰਮ ਕਰ ਸਕਦੀ ਹਨ । ਰਬਵਾਹ ਵਿੱਚ ਸਾਡੀ ਡਾਕਟਰ ਸਨ ਡਾਕਟਰ ਫ਼ਹਮੀਦਾ । ਅਸੀਂ ਉਹਨਾਂ ਨੂੰ ਹਮੇਸ਼ਾ ਪਰਦੇ ਵਿੱਚ ਦੇਖਿਆ । ਡਾਕਟਰ ਨੁਸਰਤ ਜਹਾਂ ਸਨ ਬਹੁਤ ਪਕੱਾ ਪਰਦਾ ਕਰਦੀ ਸਨ ।

ਇਸੇ ਪ੍ਰਕਾਰ ਰਿਸਰਚ ਕਰਨ ਵਾਲੀਆਂ ਨੂੰ ਕਿਹਾ ਸੀ ਕਿ ਕੋਈ ਬੱਚੀ ਜੇਕਰ ਐਨ੍ਹੀ ਲਾਇਕ (ਯੋਗ) ਹੈ ਕਿ ਰੀਸਰਚ ਕਰ ਰਹੀ ਹੈ ਅਤੇ ਲਿਬਾਰਟਰੀ ਵਿੱਚ ਓਥੇ ਉਹਨਾਂ ਦਾ ਵਿਸ਼ੇਸ਼ ਲਿਬਾਸ (ਵਸਤਰ) ਪਾਉਂਣਾ ਪੈਂਦਾ ਹੈ ਤਾਂ ਉਹ ਇਸ ਮਹੌਲ ਦਾ ਵਸਤਰ ਪਾ ਸਕਦੀਆਂ ਹਨ ਬੇਸ਼ਕ ਹਿਜਾਬ ਨ ਲੈਂਣ । ਓਥੇ ਵੀ ਉਹਨਾਂ ਨੇ ਟੋਪੀ ਅਦਿ ਪਾਈ ਹੁੰਦੀ ਹੈ ਪਰ ਬਾਹਰ ਨਿਕਲਦਿਆਂ ਹੀ ਉਹ ਪਰਦਾ ਹੋਣਾ ਚਾਹੀਦਾ ਹੈ ਜਿਸ ਦਾ ਇਸਲਾਮ ਨੇ ਆਦੇਸ਼ ਦਿੱਤਾ ਹੈ । ਫ਼ਰਮਾਇਆ ਬੈਂਕ ਦੀ ਨੌਕਰੀ ਕੋਈ ਅਜਿਹੀ ਨੌਕਰੀ ਨਹੀਂ ਹੈ ਕਿ ਜਿਸ ਨਾਲ ਮਾਨਵਤਾ ਦੀ ਸੇਵਾ ਹੋ ਰਹੀ ਹੋਵੇ । ਇਸ ਲਈ ਸਾਧਾਰਣ ਨੌਕਰੀਆਂ ਲਈ ਹਿਜਾਬ ਉਤਾਰਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ । ਜੱਦ ਕਿ ਨੌਕਰੀ ਵੀ ਜਿਹੀ ਜਿਸ ਵਿੱਚ ਲੜਕੀ ਪ੍ਰਤੀਦਿਨ ਦੇ ਵਸਤਰ ਤੇ ਮੇਕਅਪ ਵਿੱਚ ਹੋਵੇ, ਕੋਈ ਵਿਸ਼ੇਸ਼ ਵਸਤਰ ਓਥੇ ਨਹੀਂ ਪਾਇਆ ਜਾਂਦਾ । ਸੋ, ਹਮੇਸ਼ਾ ਇਹ ਚੇਤੇ ਰਖੱਣਾ ਚਾਹੀਦਾ ਹੈ ਕਿ ਹਿਯਾ (ਸ਼ਰਮ) ਲਈ ਹਿਯਾਦਾਰ ਵਸਤਰ ਜ਼ਰੂਰੀ ਹੈ ਅਤੇ ਪਰਦੇ ਦਾ ਇਸ

ਸਮੇਂ ਰਿਵਾਇਤੀ ਤਰੀਕਾ ਹਿਯਾਦਰ ਵਸਤਰ ਦਾ ਹੀ ਇਕ ਭਾਗ ਹੈ । ਜੇਕਰ ਪਰਦੇ ਵਿੱਚ ਨਰਮੀ ਕਰਨਗੀ ਤਾਂ ਫਿਰ ਆਪਣੇ ਹਿਯਾਦਾਰ ਵਸਤਰਾਂ ਵਿੱਚ ਵੀ ਕਈ ਉਜ਼ਰ ਕਰਕੇ ਤਬਦੀਲੀਆਂ ਕਰ ਲੈਂਣਗੀਆਂ ਅਤੇ ਫਿਰ ਇਸ ਸਮਾਜ ਵਿੱਚ ਰੰਗੀਨ ਹੋ ਜਾਣਗੀਆਂ, ਜਿੱਥੇ ਪਹਿਲਾਂ ਹੀ ਬੇ ਹਿਯਾਈ ਵਧੱਦੀ ਚਲੀ ਜਾ ਰਹੀ ਹੈ । ਦੁਨੀਆ ਤਾਂ ਪਹਿਲਾਂ ਹੀ ਇਸ ਗੱਲ ਦੇ ਪਿੱਛੇ ਪਈ ਹੋਈ ਹੈ ਕਿ ਉਹ ਲੋਕ ਜੋ ਆਪਣੇ ਧਰਮ ਦੀ ਸਿੱਖਿਆ ਉਪੱਰ ਚਲੱਣ ਵਾਲੇ ਹਨ ਅਤੇ ਵਿਸ਼ੇਸ਼ ਰੂਪ ਵਿੱਚ ਮੁਸਲਮਾਨ ਹਨ, ਉਹਨਾਂ ਨੂੰ ਕਿਵੇਂ ਧਰਮ ਤੋਂ ਦੂਰ ਕੀਤਾ ਜਾਵੇ ।।

ਇਸਲਾਮ ਵਿਰੋਧੀ ਸ਼ਕਤੀਆਂ ਬਹੁਤ ਤੀਬਰਤਾ ਨਾਲ ਜੋਰ ਲਾ ਰਹੀਆਂ ਹਨ ਕਿ ਧਾਰਮਕ ਸਿੱਖਿਆਵਾਂ ਤੇ ਰਿਵਾਇਤਾਂ ਨੂੰ ਮੁਸਲਮਾਨਾਂ ਵਿੱਚੋਂ ਖ਼ਤਮ ਕੀਤਾ ਜਾਵੇ । ਇਹ ਲੋਕ ਇਸ ਜਤਨ ਵਿੱਚ ਹਨ ਕਿ ਧਰਮ ਨੂੰ ਵਿਚਾਰਾਂ ਦੀ ਆਜ਼ਾਦੀ ਤੇ ਭਾਵਨਾਵਾਂ ਦੀ ਆਜ਼ਾਦੀ ਦੇ ਨਾਂ'ਤੇ ਅਜਿਹੇ ਢੰਗਾ ਨਾਲ ਖ਼ਤਮ ਕੀਤਾ ਜਾਵੇ ਕਿ ਉਹਨਾਂ'ਤੇ ਕੋਈ ਆਰੋਪ ਨ ਲੱਗੇ ਕਿ ਦੇਖੋ ਅਸੀਂ ਜ਼ਬਰਦਸਤੀ ਧਰਮ ਨੂੰ ਖ਼ਤਮ ਕਰ ਰਹੇ ਹਨ ।

ਸਾਨੂੰ ਦੁਆਵਾਂ ਉਪੱਰ ਵੀ ਜ਼ੋਰ ਦੇਣਾ ਜਾਹੀਦਾ ਹੈ ਕਿ ਅਲੱਾਹ ਤਆਲਾ ਇਹਨਾਂ ਸ਼ੈਤਾਨੀ ਚਾਲਾਂ ਦਾ ਮੁਕਾਬਲਾ ਕਰਨ ਦੀ ਸਾਨੂੰ ਹਿਮੱਤ ਤੇ ਤੋਫ਼ੀਕ ਪ੍ਰਦਾਨ ਕਰੇ ਅਤੇ ਸਾਡੀ ਮਦਦ ਵੀ ਕਰੇ । ਜੇਕਰ ਅਸੀਂ ਸਚੱਾਈ ਉਪੱਰ ਕਇਮ ਹਨ ਅਤੇ ਨਿਸ਼ਚੇ ਹੀ ਹਨ ਤਾਂ ਫਿਰ ਇਹ ਸਾਡੀ ਸਫ਼ਲਤਾ ਵੀ ਨਿਸ਼ਚੇ ਹੈ । ਇਸਲਾਮ ਦੀਆਂ ਸਿੱਖਿਆਵਾਂ ਨੇ ਇਕ ਦੁਨੀਆ ਉਪੱਰ ਵਿਜੇ ਪ੍ਰਾਪਤ ਕਰਨੀ ਹੈ ।

ਇਸਲਾਮ ਹਮੇਸ਼ਾ ਰਹਿਣ ਲਈ ਹੈ ਕੁਰਆਨ ਕਰੀਮ ਦੀ ਸਿੱਖਿਆ ਕਯਾਮਤ ਤੱਕ ਹੈ ਇਸ ਲਈ ਸਾਨੂੰ ਬਿਨਾ ਕਿਸੇ ਹੀਨ ਭਾਵਨਾ ਦੇ ਆਪਣੀਆਂ ਸਿੱਖਿਆਵਾਂ ਉਪੱਰ ਅਮਲ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਇਸ ਉਪੱਰ ਕਾਇਮ ਰਹਿਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਵੀ ਦਸੱਣਾ ਚਾਹੀਦਾ ਹੈ ਕਿ ਜੋ ਗਲੱਾਂ ਤੁਸੀ ਕਰਦੇ ਹੋ ਇਹ ਰੱਬ ਦੀ ਇਛੱਾ ਦੇ ਵਿਰੁਧ ਹਨ ਅਤੇ ਤਬਾਹੀ ਵੱਲ ਲੈ ਜਾਣ ਵਾਲੀਆਂ ਹਨ । ਇਸਲਾਮ ਕੋਈ ਅਜਿਹਾਂ ਧਰਮ ਨਹੀਂ ਜੋ ਮਨੁੱਖ ਨੂੰ ਗ਼ਲਤ ਪ੍ਰਕਾਰ ਦੀਆਂ ਪਾਬੰਦੀਆਂ ਵਿੱਚ ਜਕੜ ਦਿੰਦਾ ਹੈ ਸਗੋਂ ਲੋੜ ਅਨੁਸਾਰ ਆਪਣੀ ਸਿੱਖਿਆ ਵਿੱਚ ਨਰਮੀ ਦੇ ਪੱਖ ਵੀ ਹਨ ।

ਸਾਨੂੰ ਅਹਮਦੀਆਂ ਨੂੰ ਇਹ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਇਹ ਜੁੱਗ ਬਹੁਤ ਖ਼ਤਰਨਾਕ ਜੁੱਗ ਹੈ । ਸ਼ੈਤਾਨ ਹਰ ਪਾਸਿਓ ਹਮਲੇ ਕਰ ਰਿਹਾ ਹੈ ਜੇਕਰ ਮੁਸਲਮਾਨਾਂ ਵਿਸ਼ੇਸ਼ ਕਰਕੇ ਅਹਮਦੀ ਮੁਸਲਮਾਨਾਂ ਪੁਰੁਸ਼ਾਂ ਤੇ ਇਸਤਰੀਆਂ ਅਤੇ ਨੌਜੁਆਨਾ ਸਾਰਿਆਂ ਨੇ ਧਾਰਮਕ ਰੀਤੀਆਂ ਨੂੰ ਕਾਇਮ ਰਖੱਣ ਦਾ ਜਤਨ ਨ ਕੀਤਾ ਤਾਂ ਫਿਰ ਸਾਡੇ ਬਚਣ ਦਾ ਕੋਈ ਜ਼ਮਾਨਤ ਨਹੀਂ ਹੈ । ਅਸੀਂ ਦੂਜਿਆਂ ਤੋਂ ਵੱਧ ਰੱਬ ਦੀ ਪਕੜ ਵਿੱਚ ਹੋਵਾਂਗੇ ਕਿ ਅਸੀਂ ਸਚੱਾਈ ਨੂੰ ਸਮਝਿਆ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਸਮਝਾਇਆ ਅਤੇ ਅਸੀਂ ਫਿਰ ਵੀ ਅਮਲ ਨਹੀਂ ਕੀਤਾ । ਸੋ, ਜੇਕਰ ਅਸੀਂ ਆਪਣੇ ਆਪ ਨੂੰ ਖ਼ਤਮ ਹੋਣ ਤੋਂ ਬਚਾਉਣਾ ਹੈ ਤਾਂ ਫਿਰ ਇਸਲਾਮ ਦੀ ਹਰ ਸਿੱਖਿਆ ਨੂੰ ਪੂਰੇ ਵਿਸ਼ਵਾਸ਼ ਨਾਲ ਅਪਣਾ ਕੇ ਦੁਨੀਆ ਵਿੱਚ ਰਹਿਣ ਦੀ ਲੋੜ ਹੈ । ਇਹ ਨ ਸਮਝੋ ਕਿ ਪ੍ਰਗਤੀ ਸ਼ੀਲ ਦੇਸ਼ਾਂ ਨਾਲ ਚਲੱਣ ਵਿੱਚ ਸਾਡਾ ਜੀਵਨ ਹੈ, ਇਹਨਾਂ ਦੀ ਤਰੱਕੀ ਆਪਣੇ ਅਖੀਰ ਨੂੰ ਪਹੁੰਚ ਚੁਕੀ ਹੈ ਅਤੇ ਹੁਣ ਜੋ ਇਹਨਾਂ ਦੀਆਂ ਹਰਕਤਾਂ ਹਨ ਇਹ ਇਹਨਾਂ ਨੂੰ ਪਤਨ ਵੱਲ ਲੈ ਜਾ ਰਹੀਆਂ ਹਨ ਅਤੇ ਇਸ ਦੇ ਚਿੰਨ੍ਹ ਪ੍ਰਕਟ ਹੋ ਚੁਕੇ ਹਨ । ਰੱਬ ਦੀ ਨਰਾਜ਼ਗੀ ਨੂੰ ਇਹ ਵਾਜਾਂ ਮਾਰ ਰਹੇ ਹਨ ਅਤੇ ਆਪਣੀ ਤਬਾਹੀ ਨੂੰ ਬੁਲਾ ਰਹੇ ਹਨ । ਸੋ, ਅਜਿਹੇ ਸਮੇ ਮਨੁੱਖੀ ਹਮਦਰਦੀ ਹੇਠ ਅਸੀਂ ਇਹਨਾਂ ਨੂੰ ਸਿਧੱਾ ਮਾਰਗ ਦਿਖਾਕੇ ਬਚਾਉਣ ਦਾ ਜਤਨ ਕਰਨਾ ਹੈ ਬਜਾਏ ਇਸਦੇ ਕਿ ਇਹਨਾਂ ਦੇ ਰੰਗ ਵਿੱਚ ਰੰਗੀਨ ਹੋ ਜਾਈਏ । ਜੇਕਰ ਇਹਨਾਂ ਲੋਕਾਂ ਦਾ ਸੁਧਾਰ ਨ ਹੋਇਆ ਜੋ ਇਹਨਾਂ ਦੇ ਹੰਕਾਰ ਤੇ ਧਰਮ ਤੋਂ ਦੂਰੀ ਕਰਕੇ ਵੇਖਣ ਨੂੰ ਬਹੁਤ ਕਠਨ ਦਿਖਾਈ ਦਿੰਦਾ ਹੈ ਫਿਰ ਭਵਿੱਖ ਵਿੱਚ ਦੁਨੀਆ ਦੀ ਤਰੱਕੀ ਵਿੱਚ ਉਹ ਕੌਮਾ ਆਪਣਾ ਕਿਰਦਾਰ ਨਿਭਾਉਂਣਗੀਆਂ ਜੋ ਆਚਰਣਕ ਅਤੇ ਧਾਰਮਕ ਕਦਰਾਂ ਕੀਮਤਾਂ ਨੂੰ ਕਾਇਮ ਰਖੱਣ ਵਾਲੀਆਂ ਹੋਣਗੀਆਂ । ਸੋ, ਜਿਵੇਂ ਕਿ ਮੈਂ ਪਹਿਲਾਂ ਵੀ

ਕਿਹਾ ਕਿ ਸਾਨੂੰ ਵਿਸ਼ੇਸ਼ ਰੂਪ ਵਿੱਚ ਨੌਜੁਆਨਾਂ ਨੂੰ ਰੱਬ ਦੀ ਸਿੱਖਿਆ ਉਪੱਰ ਗ਼ੌਰ ਕਰਨ ਦੀ ਲੋੜ ਹੈ । ਦੁਨੀਆਂ ਤੋਂ ਪ੍ਰਭਾਵਤ ਹੋਕੇ ਉਸਦੇ ਪਿੱਛੇ ਚਲੱਣ ਦੀ ਥਾਂ ਦੁਨੀਆਂ ਨੂੰ ਆਪਣੇ ਪਿੱਛੇ ਚਲਾਉਂਣ ਦੀ ਲੋੜ ਹੈ । ਜਿਵੇਂ ਕਿ ਮੈਂ ਪਰਦੇ ਅਤੇ ਵਸਤਰਾਂ ਦੇ ਪੱਖੋਂ ਗੱਲ ਅਰੰਭ ਕੀਤੀ ਸੀ, ਇਸ ਪੱਖੋਂ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਈ ਲੋਕ ਕਹਿੰਦੇ ਹਨ ਕਿ ਕੀ ਇਸਲਾਮ ਅਤੇ ਅਹਮਦੀਅਤ ਦੀ ਤਰੱਕੀ ਲਈ ਕੇਵਲ ਪਰਦਾ ਹੀ ਜ਼ਰੂਰੀ ਚੀਜ਼ ਹੈ, ਕੋਈ ਕਹਿੰਦਾ ਹੈ ਕਿ ਇਹ ਸਿੱਖਿਆ ਹੁਣ ਪੁਰਾਣੀ ਹੋ ਚੁਕੀ ਹੈ ਅਤੇ ਜੇਕਰ ਅਸੀਂ ਦੁਨੀਆਂ ਦਾ ਮੁਕਾਬਲਾ ਕਰਨਾ ਹੈ ਤਾਂ ਇਹਨਾਂ ਗਲੱਾਂ ਨੂੰ ਛਡੱਣਾ ਹੋਵੇਗਾ, 'ਨਊਜ਼ਬਿਲੱਾਹ' ਪਰ ਅਜਿਹੇ ਲੋਕਾਂ'ਤੇ ਸਪਸ਼ਟ ਹੋਵੇ ਕਿ ਜੇਕਰ ਦੁਨੀਆਂਦਾਰਾਂ ਦੇ ਪਿੱਛੇ ਚਲਦੇ ਰਹੇ ਅਤੇ ਉਹਨਾਂ ਵਾਂਗ ਜੀਵਨ ਬਤੀਤੀ ਕਰਦੇ ਰਹੇ ਤਾਂ ਫਿਰ ਦੁਨੀਆ ਦੇ ਮੁਕਾਬਲੇ ਦੀ ਥਾਂ ਆਪ ਦੁਨੀਆਂ ਵਿੱਚ ਡੁੱਬ ਜਾਣਗੇ । ਨਮਾਜ਼ਾਂ ਵੀ ਹੌਲੀ ਹੌਲੀ ਦਿਖਾਵੇ ਦੀਆਂ ਰਹਿ ਜਾਣਗੀਆਂ ਜਾਂ ਹੋਰ ਨੇਕੀਆਂ ਹਨ ਜਾਂ ਧਰਮ'ਤੇ ਅਮਲ ਹੈ ਤਾਂ ਉਹ ਵੀ ਦਿਖਾਵੇ ਦੀ ਅਵਸਥਾ ਵਿੱਚ ਰਹਿ ਜਾਵੇਗਾ ਅਤੇ ਫਿਰ ਹੌਲੀ ਹੌਲੀ ਉਹ ਵੀ ਖ਼ਤਮ ਹੋ ਜਾਵੇਗਾ ।

ਸੋ, ਰੱਬ ਦੇ ਕਿਸੇ ਵੀ ਆਦੇਸ਼ ਨੂੰ ਸਾਧਾਰਣ ਨਹੀਂ ਸਮਝਣਾ ਚਾਹੀਦਾ, ਇਹ ਬਹੁਤ ਖ਼ੌਫ਼ ਦਾ ਮੁਕਾਮ ਹੈ । ਸਿਲਾਮ ਦੀ ਤਰੱਕੀ ਲਈ ਹਰ ਉਹ ਚੀਜ਼ ਜ਼ਰੂਰੀ ਹੈ ਜਿਸ ਦਾ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੇ ਆਦੇਸ਼ ਦਿਤੱਾ ਹੈ । ਪਰਦੇ ਦੀਆਂ ਸਖ਼ਤੀਆਂ ਕੇਵਲ ਇਸਤਰੀਆਂ ਲਈ ਨਹੀਂ ਹਨ । ਇਸਲਾਮ ਦੀਆਂ ਪਬੰਦੀਆਂ ਕੇਵਲ ਇਸਤਰੀਆਂ ਲਈ ਨਹੀਂ ਹਨ ਸਗੋਂ ਪੁਰਸ਼ਾਂ ਅਤੇ ਇਸਤਰੀਆਂ ਦੋਹਾਂ ਲਈ ਆਦੇਸ਼ ਹੈ । ਰੱਬ ਨੇ ਪਹਿਲਾਂ ਪੁਰਸ਼ਾਂ ਨੂੰ ਹਿਯਾ ਤੇ ਪਰਦੇ ਦਾ ਤਰੀਕਾ ਦੱਸਿਆ । ਰੱਬ ਫ਼ਰਮਾਉਦਾ ਹੈ :

قُلْ لِّلْمُؤْمِنِيْنَ يَغُضُّوْا مِنْ اَبْصَارِهِمْ وَيَحْفَظُوْا فُرُوْجَهُمْ ؕ ذٰلِكَ اَزْكٰى لَهُمْ ؕ اِنَّ اللّٰهَ خَبِيْرٌۢ بِمَا يَصْنَعُوْنَ ਮੋਮਿਨਾਂ ਨੂੰ ਕਹਿ ਦੇ ਕਿ ਆਪਣੀਆਂ ਅਖੱਾਂ ਨੀਵੀਆਂ ਰਖੱਣ ਅਤੇ ਆਪਣੇ ਨਿਜੀ ਅੰਗਾ (ਗੁਪਤਾਂਗ) ਦੀ ਸੁਰੱਖਿਆ ਕਰਿਆ ਕਰਨ । ਇਹ ਗੱਲ ਉਹਨਾਂ ਲਈ ਬਹੁਤੀ ਪਵਿੱਤਰਤਾ ਦਾ ਸਬਬ ਹੈ । ਨਿਸ਼ਚੇ ਹੀ ਰੱਬ ਜੋ ਉਹ ਕਰਦੇ ਹਨ ਉਸ ਤੋਂ ਹਮੇਸ਼ਾ ਜਾਣੂ ਰਹਿੰਦਾ ਹੈ । ਰੱਬ ਨੇ ਪਹਿਲਾਂ ਮੋਮਿਨਾਂ ਨੂੰ ਕਿਹਾ ਕਿ ਨੀਵੀਆਂ ਨਜ਼ਰਾਂ ਤੋਂ ਕੰਮ ਲਓ । ਕਿਉਂ? ਇਸ ਲਈ ਕਿ 'ਜ਼ਾਲਿਕਾ ਅਜ਼ਕਾ ਲਹੁਮ' (ذٰلِكَ اَزْكٰى لَهُمْ ؕ) ਕਿਉਂ ਕਿ ਇਹ ਗੱਲ ਪਵਿੱਤਰਤਾ ਲਈ ਜ਼ਰੂਰੀ ਹੈ, ਜੇਕਰ ਪਵਿੱਤਰਤਾ ਨਹੀਂ ਤਾਂ ਰੱਬ ਨਹੀਂ ਮਿਲਦਾ । ਸੋ, ਇਸਤਰੀਆਂ ਦੇ ਪਰਦੇ ਤੋਂ ਪਹਿਲਾਂ ਪੁਰਸ਼ਾਂ ਨੂੰ ਕਿਹਾ ਗਿਆ ਕਿ ਹਰ ਅਜਿਹੀ ਚੀਜ਼ ਜਿਸ ਤੋਂ ਤੁਹਾਡੀਆਂ ਭਾਵਨਾਵਾਂ ਭੜਕ ਸਕਦੀਆਂ ਹਨ, ਉਹਨਾਂ ਤੋਂ ਬਚੋ ।

ਕਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਕਿਸੇ ਵੀ ਅਹਮਦੀ ਲੜਕੀ ਜਾਂ ਇਸਤਰੀ ਨੂੰ ਕਿਸੇ ਲੜਕੇ ਨੂੰ ਕਿਸੇ ਪ੍ਰਕਾਰ ਦੀ ਹੀਨ ਭਾਵਨਾ ਦਾ ਸ਼ਿਕਾਰ ਹੋਣ ਦੀ ਲੋੜ ਨਹੀਂ ਹੈ । ਇਸਲਾਮ ਦੀ ਸਿੱਖਿਆ ਹੀ ਹੈ ਜਿਸ ਨੇ ਦੁਨੀਆ ਨੂੰ ਸ਼ਾਂਤੀ ਭਰਪੂਰ ਤੇ ਰੱਬ ਵੱਲ ਲਿਆਉਣ ਵਾਲਾ ਬਨਾਉਂਣਾ ਹੈ । ਦੁਨੀਆ ਨੂੰ ਇਕ ਸਮੇਂ ਅਹਿਸਾਸ ਹੋ ਜਾਵੇ ਗਾ ਕਿ ਇਸ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਕਿ ਇਸਲਾਮ ਦੀ ਸਿੱਖਿਆ ਉਪੱਰ ਹੀ ਵਿਚਾਰ ਕਰਨ ਤੇ ਅਮਲ ਕਰਨ । ਪੁਰਸ਼ਾਂ ਨੂੰ ਇਹ ਆਦੇਸ਼ ਦੇਣ ਦੇ ਬਾਦ ਕਿ ਆਪਣੀਆਂ ਅਖੱਾਂ ਨੀਵੀਆਂ ਰੱਖੋ ਇਸਤਰੀ ਦਾ ਸਨਮਾਨ ਕਰੋ ਫਿਰ ਇਸਤਰੀ ਨੂੰ ਵਿਸਥਾਰ ਨਾਲ ਆਦੇਸ਼ ਦਿੱਤਾ ਕਿ ਕਿ ਤੁਸੀਂ ਵੀ ਆਪਣੀਆਂ ਨਜ਼ਰਾਂ ਨੀਵੀਆਂ ਰਖੱਣੀਆਂ ਹਨ ਅਤੇ ਪਰਦਾ ਕਿਵੇਂ ਕਰਨਾ ਹੈ ਅਤੇ ਕਿਸ ਕਿਸ ਤੋਂ ਕਰਨਾ ਹੈ । ਜੇਕਰ ਤੁਸੀ ਇਹਨਾਂ ਗੱਲਾਂ'ਤੇ ਅਮਲ ਕਰੋਗੀ ਤਾਂ ਸਫ਼ਲ ਹੋ ਜਾਓਗੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ : ਅੱਜਕੱਲ ਪਰਦੇ'ਤੇ ਹਮਲੇ ਕੀਤੇ ਜਾਂਦੇ ਹਨ ਪਰ ਇਹ ਲੋਕ ਨਹੀਂ ਜਾਣਦੇ ਕਿ ਇਲਾਮੀ ਪਰਦੇ ਤੋਂ ਭਾਵ ਜੇਲ ਨਹੀਂ ਅਰਥਾਤ ਕੈਦਖ਼ਾਨਾ ਨਹੀਂ ਹੈ ਸਗੋਂ ਇਕ ਪ੍ਰਕਾਰ

ਦੀ ਰੋਕ ਹੈ ਕਿ ਓਪਰੇ ਪੁਰੁਸ਼ ਤੇ ਇਸਤਰੀਆਂ ਇਕ ਦੂਜੇ ਨੂੰ ਨ ਦੇਖ ਸਕਣ । ਜਦ ਪਰਦਾ ਹੋਵੇਗਾ ਤਾਂ ਠੋਕਰ ਖਾਣ ਤੋਂ ਬਚਣਗੇ ।

ਸੁੰਦਰਤਾ ਪ੍ਰਕਟ ਕਰਨ ਦਾ ਆਦੇਸ਼ ਜਿੰਨ੍ਹਾ ਸਾਹਮਣੇ ਹੈ ਉਹ ਇਕ ਵਿਸਥਾਰ ਹੈ ਜੋ ਨੇੜਲਾ ਸਾਕ ਸੰਬੰਧੀ ਹੈ ਭੈਣ ਭਰਾ ਹਨ ਪਤੀ ਹੈ ਪਿਤਾ ਹੈ ਮਾਂ ਹੈ ਉਹਨਾਂ ਦੇ ਬੱਚੇ ਹਨ , ਉਹਨਾਂ ਦੇ ਸਾਹਮਣੇ ਕੇਵਲ ਇਹ ਹੈ ਕਿ ਉਹਨਾਂ ਤੋਂ ਪਰਦਾ ਨਹੀਂ ਹੈ, ਮੇਕਅਪ ਆਦਿ ਹੋ ਸਕਦਾ ਹੈ ਤਾਂ ਇਹਨਾਂ ਦੇ ਸਾਹਮਣੇ ਤਾਂ ਹੋ ਸਕਦਾ ਹੈ ਇਹਨਾਂ ਤੋਂ ਬਿਨਾਂ ਨਹੀਂ । ਇਸ ਦਾ ਵਿਸਥਾਰ ਰੱਬ ਨੇ ਕੁਰਆਨ ਕਰੀਮ ਵਿੱਚ ਦੇ ਦਿਤੱਾ ਹੈ ਅਤੇ ਸਾਰੇ ਰਿਸ਼ਤੇ ਵਰਨਣ ਕਰ ਦਿੱਤੇ ਹਨ ਕਿ ਕਿ ਜਿੰਨ੍ਹਾਂ ਤੋਂ ਅਤੇ ਉਹ ਵੀ ਉਹ ਸੁੰਦਰਤਾ ਜੋ ਆਪਣੇ ਆਪ ਪ੍ਰਕਟ ਹੁੰਦੀ ਹੈ ਅਰਥਾਤ ਸ਼ਕਲ ਹੈ ਕੱਦ ਕਾਠੀ ਆਦਿ ਹੈ, ਇਸ ਪ੍ਰਕਾਰ ਦੀ ਸੁੰਦਰਤਾ, ਇਹ ਅਰਥ ਨਹੀਂ ਹੈ ਕਿ ਉਹਨਾਂ ਦੇ ਸਾਹਮਣੇ ਵੀ ਘਰ ਵਿੱਚ ਵੀ ਤੰਗ ਜੀਨ ਅਤੇ ਬਲਾਊਜ਼ ਪਹਿਨਕੇ ਫਿਰ ਰਹੀਆਂ ਹੋਣ ਉਹਨਾਂ ਦੇ ਸਾਹਮਣੇ ਜਾਂ ਅਰਧ ਨਗਨ ਵਸਤਰ ਹੋਣ । ਇਹ ਪਰਦਾ ਸਕੇ ਸੰਬੰਧੀਆਂ ਲਈ ਵੀ ਹੈ ।

ਹਜ਼ੂਰ ਨੇ ਫ਼ਰਮਾਇਆ : ਇਕ ਹੋਰ ਗੱਲ ਮੈਂ ਮੁਰੱਬੀਆਂ ਅਤੇ ਉਹਨਾਂ ਦੀਆਂ ਪਤਨੀਆਂ ਨੂੰ ਵੀ ਕਹਾਂਗਾ ਕਿ ਉਹ ਵੀ ਆਪਣੇ ਵਸਤਰ ਅਤੇ ਆਪਣੀਆਂ ਨਜ਼ਰਾਂ ਵਿੱਚ ਬਹੁਤ ਸਾਵਧਾਨੀ ਵਰਤਨ । ਉਹਨਾਂ ਦੇ ਨਮੂਨੇ ਜਮਾਤ ਦੇਖਦੀ ਹੈ । ਮੁਰੱਬੀ ਤੇ ਮੁਬਲੱਗ਼ ਦੀ ਪਤਨੀ ਵੀ ਮੁਰੱਬੀ ਹੁੰਦੀ ਹੈ ਅਤੇ ਉਸ ਨੂੰ ਆਪਣੇ ਹਰ ਮਾਮਲੇ ਵਿੱਚ ਉੱਤਮ ਨਮੂਨਾ ਕਾਇਮ ਕਰਨਾ ਚਾਹੀਦਾ ਹੈ । ਰੱਬ ਕਰੇ ਕਿ ਸਾਡੇ ਪੁਰੁਸ਼ ਵੀ ਅਤੇ ਸਾਡੀਆਂ ਇਸਤਰੀਆਂ ਵੀ ਹਿਯਾ (ਸ਼ਰਮ) ਦੇ ਉਚੱਤਮ ਮਿਆਰਾਂ ਨੂੰ ਕਾਇਮ ਕਰਨ ਵਾਲੇ ਹੋਣ ਅਤੇ ਇਸਲਾਮੀ ਆਦੇਸ਼ਾਂ ਦੀ ਹਰ ਪ੍ਰਕਾਰ ਦੀ ਪਬੰਦੀ ਕਰਨ ਵਾਲੇ ਹੋਣ ।

**Khulasa Khutba Jumma 13.01.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131